# ਸਾਂਝੀ ਕੰਧ

ਅੱਠ ਮਹੀਨੇ ਦੀ ਖੱਜਲ ਖੁਆਰੀ ਮਗਰੋਂ ਜਦ ਕਪੂਰ ਸਿੰਘ ਵਿਚਾਰਾ ਮਸੀਂ ਘਰ ਬਣਾਉਣ ਦੀ ਪੁੱਜਤ ਵਿੱਚ ਹੋਇਆ ਤਾਂ ਰੇੜ੍ਹਕਾ ਸਾਂਝੀ ਕੰਧ ਉੱਤੇ ਪੈ ਗਿਆ। ਇਹ ਕੰਧ ਉਹਦੇ ਚਾਚੇ ਦੇ ਪੁੱਤ ਦਰਬਾਰੇ ਨਾਲ ਸਾਂਝੀ ਸੀ।

ਪਿਛਲੇ ਵਰ੍ਹੇ ਦੀਆਂ ਬਾਰਸ਼ਾਂ ਵਿੱਚ ਕਪੂਰ ਸਿੰਘ ਦਾ ਘਰ ਢਹਿ ਗਿਆ ਸੀ। ਉਂਜ ਤਾਂ ਕਿੰਨੇ ਹੀ ਘਰ ਢਹਿ ਗਏ ਸਨ, ਪਰ ਕਪੂਰ ਸਿੰਘ ਦੇ ਘਰ ਦਾ ਢਹਿਣਾ ਪਿੰਡ ਵਿੱਚ ਸਭ ਤੋਂ ਵੱਡੀ ਦੁਰਘਟਨਾ ਸੀ। ਇੱਕ ਵੀ ਖਣ ਸਾਬਤ ਨਹੀਂ ਸੀ ਰਿਹਾ।

ਪੈਸੇ ਵੱਲੋਂ ਕਪੂਰ ਸਿੰਘ ਅੱਗੇ ਹੀ ਕਮਜ਼ੋਰ ਸੀ। ਖ਼ਬਰੇ ਕਿਵੇਂ ਅੰਦਰੇ-ਅੰਦਰ ਆਪਣੀ ਕਬੀਲਦਾਰੀ ਤੋਰਦਾ ਸੀ। ਪਹਿਲਾਂ ਉਹ ਮਕਾਨ ਵਾਸਤੇ ਕਰਜ਼ੇ ਲਈ ਜ਼ਿਲ੍ਹੇ ਦੇ ਦਫਤਰਾਂ ਵਿੱਚ ਧੱਕੇ ਖਾਂਦਾ ਰਿਹਾ। ਉੱਥੇ ਵਜ਼ੀਰਾਂ ਦੀਆਂ ਸਿਫ਼ਾਰਸ਼ਾਂ ਚੱਲਦੀਆਂ ਹਨ। ਹਾਰ ਕੇ ਉਹਨੂੰ ਦਸ ਵਿੱਘੇ ਭੋਂ ਬੈਅ ਕਰਨੀ ਪਈ। ਕਿੰਨਾ ਕੁ ਚਿਰ ਬਗਾਨੇ ਘਰਾਂ ਵਿੱਚ ਟੱਬਰ ਰੋਲਦਾ ਰਹੇ। ਇੱਟਾਂ ਸੁਟਾ ਲਈਆਂ, ਸੀਮੈਂਟ ਦਾ ਵੀ ਬੰਦੋਬਸਤ ਬਣ ਗਿਆ, ਪਰ ਜਦ ਤਕ ਦਰਬਾਰੇ ਨਾਲ ਗੱਲ ਨਾ ਖੋਲ੍ਹੀ ਜਾਵੇ, ਕੰਮ ਕਿਵੇ ਸ਼ੁਰੂ ਹੋ ਸਕਦਾ ਹੈ ?

ਸਾਹਮਣੇ ਗਲੀ ਸੀ, ਕਿਸੇ ਦਾ ਰੌਲਾ ਨਹੀਂ। ਸੱਜੇ ਪਾਸੇ ਦੀ ਕੰਧ ਚਾਚੀ ਰਾਮ ਕੌਰ ਨਾਲ ਸਾਂਝੀ ਸੀ। ਕਪੂਰ ਸਿੰਘ ਦੇ ਨਾਲ ਹੀ ਕੁਝ ਹਿੱਸਾ ਉਸ ਦੇ ਘਰ ਦਾ ਵੀ ਡਿੱਗ ਪਿਆ ਸੀ, ਜਿਸ ਤੋਂ ਉਹ ਆਪ ਤੰਗ ਸੀ ਤੇ ਉਹਨੂੰ ਆਪ ਕੰਧ ਦੀ ਲੋੜ ਸੀ। ਪਿਛਲੇ ਪਾਸੇ ਚੰਨਣ ਸਿੰਘ ਚੀਨੀਏਂ ਦੀ ਅਬਾਦੀ ਸੀ। ਕਦੇ ਨਾ ਕਦੇ ਉਹਨੇ ਵੀ ਦੋ ਖਣ ਆਬਾਦੀ ਵਿੱਚ ਛੱਤਣੇ ਸਨ, ਇਸ ਲਈ ਉਹਨੇ ਸ਼ਤੀਰ ਧਰਨ ਵੇਲੇ ਅੱਧ ਦੇਣਾ ਮੰਨ ਲਿਆ। ਝਗੜਾ ਸੀ ਤਾਂ ਸਾਰਾ ਦਰਬਾਰੇ ਵਾਲੀ ਖੱਬੀ ਬਾਹੀ ਦਾ ਹੀ ਸੀ। ਤੇ ਇਹ ਝਗੜਾ ਥੋੜ੍ਹੇ ਕੀਤਿਆਂ ਮੁਕਦਾ ਨਹੀਂ ਸੀ ਦਿਸਦਾ।

ਇਕ-ਦੋ ਵਾਰ ਕੰਧ ਕਰਨ ਲਈ ਕਪੂਰ ਸਿੰਘ ਨੇ ਦਰਬਾਰੇ ਨੂੰ ਆਖਿਆ। ਪਰ ਉਹਨੇ ਕੋਈ ਹਾਂ ਹੂੰ ਨਾ ਕੀਤੀ, ਸਗੋਂ ਰੁੱਖਾ ਜਵਾਬ ਦੇਂਦਿਆ ਕਿਹਾ, "ਜਦ ਕੰਧਾਂ ਦੇ ਸਮੇਂ ਆਉਂਣਗੇ, ਕੰਧਾਂ ਦੇਖੀਆਂ ਜਾਣਗੀਆਂ।" ਪਰ ਕਪੂਰ ਸਿੰਘ ਲਈ ਹੁਣ ਹੋਰ ਸਮਾਂ ਕਦੋਂ ਹੋਣਾ ਸੀ, ਜਿਹੜਾ ਘਰੋਂ ਬੇਘਰ ਹੋਇਆ ਬੈਠਾ ਸੀ।

ਦਰਬਾਰੇ ਵਾਲੀ ਇਹ ਕੰਧ ਵਡਾਰੂਆਂ ਵੇਲੇ ਦੀ ਕੱਚੀ ਤੇ ਥਾਂ-ਥਾਂ ਤੋਂ ਗਈ ਹੋਈ ਸੀ। ਕਈ ਥਾਂ ਚਾਰ-ਚਾਰ ਉਂਗਲਾਂ ਦੀਆਂ ਭਗਾਂ ਖੁੱਲ੍ਹੀਆਂ ਹੋਈਆਂ ਸਨ। ਉਂਜ ਵੀ ਥੋਥੜ, ਜਿਵੇਂ ਰੇਹੀ ਦੀ ਖਾਧੀ ਹੁੰਦੀ ਹੈ। ਸਾਰ-ਪਾਰ ਕਈ ਮੋਰੀਆਂ। ਪਿੱਛੋਂ ਕੋਠੜੀ ਦੇ ਸ਼ਤੀਰ ਦਬੇ ਹੋਏ ਤੇ ਛੱਤ ਝੁਕੀ ਹੋਈ ਸੀ। ਲੋੜ, ਅਸਲ ਵਿੱਚ, ਦਰਬਾਰੇ ਨੂੰ ਵੀ ਕੰਧ ਦੀ ਓਨੀ ਹੀ ਸੀ, ਜਿੰਨੀ ਕਪੂਰ ਸਿੰਘ ਨੂੰ। ਨਵੀਂ ਕੰਧ ਮਾੜੀ ਵੀ ਕਿਸ ਨੂੰ ਰਹਿੰਦੀ ਹੈ ? ਪਰ ਬਹਾਨੇ ਲਈ, ਇਕ ਲੇਖੇ, ਉਹਨੂੰ ਇਸ ਕੰਧ ਬਿਨਾਂ ਸਰਦਾ ਵੀ ਸੀ।

ਉਹਦੇ ਕੋਲ ਦੋ ਘਰ ਸਨ। ਇਸ ਪੁਰਾਣੇ ਕੋਠੇ ਵਿੱਚ ਉਹਦਾ ਕੱਖ ਕੰਡਾ ਤੇ ਡੰਗਰ ਵੱਛਾ ਹੁੰਦਾ ਸੀ। ਆਪ ਉਹ ਇਸ ਤੋਂ ਅਗਲੇ ਘਰ ਵਿੱਚ ਰਹਿੰਦੇ ਸਨ, ਜਿਸ ਦੀ ਹਾਲਤ ਬੜੀ ਚੰਗੀ ਸੀ ਤੇ ਜੋ ਉਨ੍ਹਾਂ ਦੇ ਗੁਜ਼ਾਰੇ ਲਈ ਕਾਫ਼ੀ ਸੀ। ਪਰ ਕਪੂਰ ਸਿੰਘ ਨੂੰ ਤਾਂ ਕੰਧ ਬਣਾਏ ਬਿਨ੍ਹਾਂ ਕਿਸੇ ਤਰ੍ਹਾਂ ਵੀ ਨਹੀਂ ਸੀ ਸਰਦਾ।

ਨਵੇਂ ਘਰ ਉੱਤੇ ਜਿਸ ਨੇ ਨਵੇਂ ਸਿਰਿਉਂ ਪੈਸਾ ਲਾਉਣਾ ਹੋਵੇ, ਉਹ ਹੁਣ ਕੱਚ ਵੀ ਕਿਉਂ ਰੱਖੇ ? ਤਿੰਨੇ ਪਾਸਿਆਂ

ਦੀਆਂ ਕੰਧਾਂ ਪੱਕੀਆਂ ਨਿਕਲਦੀਆਂ ਸਨ। ਇਸ ਚੌਥੀ ਨੂੰ ਕੱਚੀ ਰੱਖ ਕੇ ਉਹ ਮਕਾਨ ਦੀ ਜੱਖਣਾ ਕਿਵੇਂ ਪੁੱਟ ਲਵੇ ? ਪੱਕੀਆਂ ਕੰਧਾਂ ਉੱਤੇ ਕਦੇ ਚੁਬਾਰੇ ਵੀ ਬਣ ਸਕਦੇ ਹਨ। ਕੱਚੀਆਂ ਤੇ ਬੋਦੀਆਂ ਕੰਧਾਂ ਦੇ ਅੱਗੇ ਥੋੜੇ ਹੱਥ ਲੱਗੇ ਸਨ ?

ਕਪੂਰ ਸਿੰਘ ਬੜਾ ਤੰਗ ਪਿਆ-ਸ਼ਰੀਕ ਕਹਿੰਦੇ ਹੁੰਦੇ ਨੇ, ਮਿੱਟੀ ਦਾ ਵੀ ਬੁਰਾ- ਉਹਨੂੰ ਰਹਿ-ਰਹਿ ਕੇ ਦਰਬਾਰੇ ਉੱਤੇ ਗੁੱਸਾ ਆਉਂਦਾ। ਪਰ ਗੁੱਸੇ ਨਾਲ, ਉਹ ਜਾਣਦਾ ਸੀ, ਉਹਦਾ ਕੰਮ ਸੌਰਨਾ ਨਹੀਂ। ਚਾਚੀ ਰਾਮ ਕੌਰ, ਚੰਨਣ ਸਿੰਘ ਚੀਨੀਆ ਤੇ ਹੋਰ ਕਈਆਂ ਨੂੰ ਉਹਨੇ ਆਖਿਆ ਕਿ ਉਹ ਹੀ ਦਰਬਾਰੇ ਨੂੰ ਜਾ ਕੇ ਸਮਝਾਉਣ। ਪਰ ਦਰਬਾਰਾ ਸੀ ਕਿ ਰੱਸੀ ਦਾ ਸੱਪ ਬਣਿਆ ਬੈਠਾ ਸੀ। ਗਲੀ ਗੁਆਂਢ, ਮਿੱਤਰ ਪਿਆਰਾ, ਜਦ ਕਿਸੇ ਨੂੰ ਵੀ ਆਈ ਗਈ ਨਾ ਦਿੱਤੀ ਤਾਂ ਉਹਨੇ ਸੋਚਿਆ, ਇੱਕ ਵਾਰ ਉਹ ਫੇਰ ਜਾ ਕੇ ਆਪ ਦਰਬਾਰੇ ਨੂੰ ਸਮਝਾਵੇ। ਖ਼ਬਰੇ ਕੋਈ ਗੱਲ ਉਹਦੀ ਅਕਲ ਵਿਚ ਆ ਹੀ ਜਾਵੇ।

ਅਗਲੀ ਸਵੇਰ ਉਹਨੇ ਦਰਬਾਰੇ ਦੇ ਬੂਹੇ ਅੱਗੇ ਥੋੜ੍ਹਾ ਅਹੁਲ ਕੇ ਵਾਜ ਮਾਰੀ। ਅੰਦਰੋਂ ਕੁੜੀ ਨੇ ਦੱਸਿਆ ਕਿ ਉਹ ਹੁਣੇ ਪਟਵਾਰੀ ਵਲ ਨੂੰ ਗਿਆ ਹੈ। ਕਪੂਰ ਸਿੰਘ ਮਗਰੇ ਤੁਰ ਪਿਆ। ਉੱਥੇ ਹੀ, ਦੋ ਆਦਮੀਆਂ ਸਾਹਮਣੇ, ਗੱਲ ਕਰਨੀ ਯੋਗ ਸਮਝੀ। ਜਾਂਦੇ ਨੂੰ ਅੱਗੇ ਰਾਮ ਰਤਨ ਪਟਵਾਰੀ, ਧੰਮਾ ਸਿੰਘ ਸਰਪੰਚ, ਟੁੰਡਾ ਲੰਬੜਦਾਰ ਤੇ ਇੱਕ ਦੋ ਆਦਮੀ ਹੋਰ ਮੰਜਿਆਂ ਉੱਤੇ ਬੈਠੇ ਸਨ। ਦਰਬਾਰਾ, ਪਟਵਾਰੀ ਦੀ ਪੈਂਦ ਬੈਠਾ ਜਿਵੇਂ ਕੁਝ ਲਿਖਵਾ ਰਿਹਾ ਸੀ। ਕਪੂਰ ਸਿੰਘ ਨੇ ਸਾਰਿਆਂ ਨੂੰ ਹੀ ਸਾਂਝੇ ਮੰਨ ਕੇ ਦਰਬਾਰੇ ਨੂੰ ਧੀਰਜ ਨਾਲ ਆਖਿਆ,"ਭਾਈ ਦਰਬਾਰਾ ਸਿਆਂਹ, ਕੰਧ ਦਾ ਫੇਰ ਹੁਣ ਕਿੱਕੁਣ ਕਰਨੈਂ ?"

"ਕਿਹੜੀ ਕੰਧ.....?" ਦਰਬਾਰੇ ਨੇ ਪੈਰਾਂ ਉੱਤੇ ਪਾਣੀ ਹੀ ਨਾ ਪੈਣ ਦਿੱਤਾ।

"ਤੂੰ ਭੁਲਿਆ ਹੋਇਐਂ....!" ਕਪੂਰ ਸਿੰਘ ਬੋਲਿਆ,"ਆਪਣੀ, ਸਾਂਝੀ...."

"ਮੈਨੂੰ ਨ੍ਹੀ ਲੋੜ ਕੰਧ ਕਰਨ ਦੀ!" ਓਪਰਿਆਂ ਵਾਂਗ ਦਰਬਾਰੇ ਨੇ ਉਹਦੇ ਵੱਲੋਂ ਮੂੰਹ ਫੇਰ ਕੇ ਹਵਾ ਵਿੱਚ ਖ਼ਾਲੀ ਝਾਕਦਿਆਂ ਕਿਹਾ।

"ਜੇ ਤੈਨੂੰ ਲੋੜ ਨਹੀ ਤਾਂ ਮੈਨੂੰ ਤਾਂ ਹੈ," ਕਪੂਰ ਸਿੰਘ ਨਿਮਾਣਾ ਹੋ ਕੇ ਬੋਲਿਆ। ਪਰ ਇਹ ਗੱਲ ਦਰਬਾਰੇ ਦੇ ਨੇੜਿਓਂ ਵੀ ਨਾ ਗਈ। ਉਹਨੇ ਹੋਰ ਵੀ ਰੁੱਖੀ ਤਰ੍ਹਾਂ ਕਿਹਾ,"ਤੈਨੂੰ..... ਲੋੜ ਐ ਤੂੰ ਕਰ ਲੈ!"

"ਮੈਂ ਕਿਵੇਂ ਕਰ ਸਕਦਾਂ ਭਲਾਂ, ਐਡੀ ਬੜੀ ਕੰਧ, ਕੱਲਾ-ਚਾਲੀ ਫ਼ੁੱਟ ਲੰਬੀ, ਚੌਦਾਂ ਫੁੱਟ ਉੱਚੀ, ਡੂਢ ਇੱਟ ਚੌੜੀ...?"

"ਫੇਰ ਮੇਰੇ ਸਿਰ ਅਸਾਨ ਐ ?"

"ਹਸਾਨ ਤਾਂ ਨਹੀਂ, ਮੇਰਾ ਕੰਮ ਤਾਂ ਅਟਕਿਆ ਖੜੈ ?"

"ਮੈਨੂੰ ਜ਼ਿੰਮੇਵਾਰੀ ਐ ਤੇਰੇ ਕੰਮ ਦੀ ? ਅਟਕਿਐ-ਅਟਕਿਆ ਰਹੇ।" ਦਰਬਾਰਾ ਸਿਰ ਨੂੰ ਆਇਆ।

ਕੋਲੋਂ ਪਟਵਾਰੀ ਨੇ ਹੌਲੀ ਜਿਹੀ ਆਖਿਆ,"ਕਾਹਨੂੰ ਬਾਖੋਚੌੜ ਹੁੰਨੇ ਓਂ-ਮੁਕਾ ਲਓ ਰਲ ਕੇ।"

ਪਰ, ਸਰਪੰਚ ਨੇ ਮਲਵੀਂ ਜੀਭ ਨਾਲ ਚੱਬ ਕੇ ਟੋਕਿਆ, "ਆਪਾਂ ਨੇ ਕਾਹਨੂੰ ਆਉਣੈ ਵਿੱਚ ਪਟਵਾਰੀ ਜੀ! ਭਾਈ-ਭਾਈ ਨੇ, ਆਪੇ ਸਮਝਣਗੇ।"

ਕਪੂਰ ਸਿੰਘ ਸਰਪੰਚ ਦਾ ਰੁਖ਼ ਤਾੜ ਗਿਆ। ਅੱਗੇ ਵੀ ਉਹ ਕਈ ਵ੍ਹਰਿਆ ਤੋਂ ਉਹਦੇ ਨਾਲ ਲਗਦਾ ਆਉਂਦਾ ਸੀ। ਦਰਬਾਰੇ ਘੱਪਲ ਨੂੰ ਇੰਨ੍ਹਾਂ ਗੱਲਾਂ ਦੀ ਕੀ ਸ਼ਰਮ। ਹੁਣ ਜੇ ਕਪੂਰ ਸਿੰਘ ਦਾ ਭਾਈ ਹੀ ਸਰਪੰਚ ਨੂੰ ਉਹਦੇ ਖ਼ਿਲਾਫ਼ ਵਰਤਣ ਲਈ ਮਿਲੇ ਤਾਂ ਹੋਰ ਉਹਨੂੰ ਕੀ ਚਾਹੀਦਾ ਸੀ। ਉਹਨੇ ਹੋਰ ਨਰਮ ਹੋ ਕੇ ਦਰਬਾਰੇ ਨੂੰ ਸਮਝਾਉਣਾ ਚਾਹਿਆ,"ਦਰਬਾਰਾ ਸਿਆਂਹ, ਮੈਂ ਤੈਨੂੰ ਮਿੰਨਤ ਨਾਲ ਕਹਿਨਾਂ, ਆਪਾਂ ਕਬੀਲਦਾਰ ਆਂ, ਲੜਦੇ ਚੰਗੇ ਨਹੀ ਲਗਦੇ, ਆ ਰਲ ਕੇ ਕੰਧ ਬਣਾਈਏ, ਤੂੰ ਹਾਂ ਕਰ, ਜਿੱਕੁਣ ਕਹੇਂਗਾ ਮੈਂ ਓਕਣੇ ਮੰਨ ਲੂੰਗਾ, ਕੰਧ ਐ ਮਾੜੀ, ਦੋਹਾਂ ਨੂੰ ਈਂ ਸੁੱਖ ਐ, ਮਾੜੀ ਮੋਟੀ ਕੰਧੋੜੀ ਹੁੰਦੀ, ਮੈਂ ਤੈਨੂੰ ਕਹਿੰਦਾ ਵੀ ਨਾ, ਸਾਰਾ ਭਾਰ ਚੱਕਣਾ ਮੈਨੂੰ ਵੀ ਔਖੈ, ਤੂੰ ਮੈਨੂੰ ਬਹੁਤਾ ਚਕਾ ਦੇਹ, ਆਪ ਥੋੜ੍ਹਾ ਚੱਕ ਲਈਂ.....!"

ਕਪੂਰ ਸਿੰਘ ਦੀ ਨਰਮਾਈ ਨੇ ਦਰਬਾਰੇ ਦੀ ਅੜਬਾਈ ਕੁਝ ਢਿੱਲੀ ਕਰ ਦਿੱਤੀ। ਘੁੱਟੀਆਂ ਉਹਦੇ ਮੱਥੇ ਵਿੱਚੋਂ ਮਿਟਣ ਲੱਗੀਆਂ। ਪਲ ਦੀ ਪਲ ਹਾਂ ਕਰ ਦੇਣ ਲਈ ਉਹਦਾ ਜੀ ਵੀ ਕੀਤਾ, ਪਰ ਉਦੋਂ ਹੀ ਹੌਲੀ ਜਿਹੀ ਸਰਪੰਚ ਖੰਘੂਰਿਆ। ਏਨੀ ਹੌਲੀ ਤੇ ਏਨਾ ਬੇਮਲੂਮ, ਜਿਸ ਵਿਚਲੀ ਰਮਜ਼ ਨੂੰ ਦਰਬਾਰਾ ਹੀ ਬੁੱਝ ਸਕੇ।

ਦਰਬਾਰੇ ਨੂੰ ਫੇਰ ਵੱਟ ਚੜ੍ਹ ਗਿਆ ਤੇ ਉਹਦੇ ਪੱਧਰ ਹੁੰਦੇ ਮੱਥੇ ਵਿੱਚ ਘੁੱਟੀਆਂ ਫੇਰ ਸੰਘਣੀਆਂ ਹੋ ਗਈਆਂ, "ਓ ਮੈਂ ਸਦਾਈ ਆਂ ਜਿਹੜਾ ਮੱਲੋਮੱਲੀ ਕਿਸੇ ਦਾ ਭਾਰ ਚੱਕਦਾ ਫਿਰਾਂ?"

"ਪਰ ਤੈਨੂੰ ਅਨਕਾਰ ਕਿਹੜੀ ਗੱਲੋਂ ਐ?" ਕਪੂਰ ਸਿੰਘ ਨੇ ਫੇਰ ਵੀ ਭਾਈਬੰਦੀ ਵਰਤੀ। ਕੀ ਕਰੇ, ਉਹਨੂੰ ਲੋੜ ਜੋ ਸੀ।

"ਮੇਰੇ 'ਚ ਨਹੀਂ ਜਾਨ ਪੈਸਾ ਖ਼ਰਚਣ ਦੀ। ਮੈਂ ਫਾਹੇ ਚੜ੍ਹਾਂ?" ਦਰਬਾਰਾ ਉਸੇ ਤਰ੍ਹਾਂ ਹਵਾ ਨੂੰ ਘੂਰਦਾ ਸੀ।

"ਖ਼ਰਚ ਹਾਲੇ ਮੈ ਕਰ ਦਿੰਨਾਂ, ਤੂੰ ਫੇਰ ਦੇ ਦਈਂ-ਜਦ ਹੋਣਗੇ ਉਦੋਂ ਦੇ ਦਈਂ।"

"ਮੈਂ ਐਵੇਂ ਤੇਰੀ ਜੁੱਤੀ ਹੇਠ ਆਵਾਂ!" ਦਰਬਾਰਾ ਕਿਸੇ ਵੀ ਰਾਹ ਨਹੀਂ ਸੀ ਤੁਰਨ ਦੇਂਦਾ। ਭਾਈ ਜੇ ਮਿੱਤਰ ਹੋਵੇ ਤਾਂ ਉਹਦੇ ਵਰਗਾ ਕੋਈ ਮਿੱਤਰ ਨਹੀਂ। ਜੇ ਭਾਈ ਦੁਸ਼ਮਣ ਬਣ ਜਾਵੇ ਤਾਂ ਉਹਦੇ ਵਰਗਾ ਕੋਈ ਦੁਸ਼ਮਣ ਨਹੀਂ।

ਟੁੰਡੇ ਲੰਬੜਦਾਰ ਨੇ ਗੱਲ ਮੁਕਾਉਣੀ ਚਾਹੀ, "ਲੈਣਾ ਦੇਣਾ ਬਣਿਆ ਹੋਇਆ ਈ ਐ, ਕੋਈ ਡਰ ਨਹੀਂ ਅੱਗੜ-ਪਿੱਛੜ ਦਾ ਵੀ।" ਕਪੂਰ ਸਿੰਘ ਦੀ ਹਾਲਤ ਉੱਤੇ ਉਹਨੂੰ ਤਰਸ ਆ ਰਿਹਾ ਸੀ।

"ਤੈਨੂੰ ਨਹੀਂ ਪਤਾ ਚਾਚਾ...।" ਦਰਬਾਰੇ ਨੇ ਝੱਟ ਤਾੜ ਦਿੱਤਾ। ਉਹ ਚੁੱਪ ਕਰ ਗਿਆ। ਕਿਹੜਾ ਕਲੱਕੜ ਤੋਂ ਆਪਣੀ ਹੇਠੀ ਕਰਾਵੇ।

ਕਪੂਰ ਸਿੰਘ ਦੁਖੀ ਹੋ ਗਿਆ! ਕੀ ਕਰੇ, ਕੀ ਨਾ ਕਰੇ! ਇਹ ਬੇਈਮਾਨ ਕਿਸੇ ਪਾਸੇ ਦੀ ਨਹੀਂ ਮੰਨਦਾ। ਪੱਲਿਓਂ ਚਾਰ ਸੌ ਰੁਪਈਆ ਲਾ ਕੇ ਉਹਨੂੰ ਮੁਫ਼ਤ ਵਿੱਚ ਕੰਧ ਬਣਾ ਕੇ ਦੇ ਦਿਓ ਤਾਂ ਲੋੜ ਐ,

ਜੇ ਅੱਧ ਮੰਗੋ ਤਾਂ ਲੋੜ ਨ੍ਹੀਂ। ਉਹ ਜਾਣਦੈ, ਕੰਧ ਤਾਂ ਇਹਨੂੰ ਆਪਣੀ ਲੋੜ ਨੂੰ ਬਨਾਉਣੀ ਪੈਣੀ ਐ, ਉਹ ਕਿਉ ਖ਼ਾਹਮਖ਼ਾਹ ਹਾਮੀ ਭਰੇ, ਸ਼ਤੀਰ ਉਹਦੇ ਕੋਈ ਲਾਹ ਹੀ ਨਹੀਂ ਸਕਦਾ।

"ਦਰਬਾਰਾ ਸਿਆਂਹ!" ਕਪੂਰ ਸਿੰਘ ਬਿਰ-ਬਿਰ ਕਰਨ ਲੱਗਾ,"ਮੇਰੇ ਹਾਲ ਕੰਨੀ ਦੇਖ, ਕਿੰਨਾ ਚਿਰ ਹੋ ਗਿਆ ਮੈਨੂੰ ਰੁਲਦੇ ਨੂੰ, ਹੁਣ ਤੂੰ ਐਵੇਂ ਅੜਿੱਕਾ ਨਾ ਡਾਹ, ਜਿੱਕਣ ਕਹੇਂਗਾ, ਓਕਣੇ ਕਰ ਲਾਂਗੇ.....।"

ਨਿੱਕਾ ਜਿਹਾ ਖੰਘੂਰਾ ਫੇਰ ਸੁਣਿਆ।

ਦਰਬਾਰੇ ਵਿੱਚ ਜਿਵੇ ਓਪਰੀ ਹਵਾ ਆ ਗਈ ਹੋਵੇ, ਬਿਨਾਂ ਅੱਖਾਂ ਮਿਲਾਏ ਉਹਨੇ ਕੋਰਾ ਹੋ ਕੇ ਆਖਿਆ, "ਮੇਰਾ ਹਾਲ ਕਿਹੜਾ ਚੰਗੈ, ਮੈਂ ਤੇਰੇ ਹਾਲ ਕੰਨੀਂ ਦੇਖਾਂ........।"

ਪਟਵਾਰੀ, ਸਰਪੰਚ, ਲੰਬੜਦਾਰ ਤੇ ਹੋਰ ਸਾਰੇ ਚੁੱਪ ਕਰ ਕੇ ਸੁਣਦੇ ਰਹੇ। ਕਪੂਰ ਸਿੰਘ ਨੇ ਹੋਰ ਮੁਚ ਕੇ ਹੋਰ ਸਮਾਈ ਨਾਲ ਆਖਿਆ, "ਡੂਢ ਇੱਟ ਦੀ ਨਾ ਸਹੀ, ਇੱਕ ਇੱਟ ਦੀ ਕਰ ਲੈ।"

"ਇੱਕ ਇੱਟੀ ਨ੍ਹੀਂ ਕਰਨੀ।"

"ਕੱਚੀ ਕਰ ਲੈ!"

"ਕੱਚੀ ਨਾ ਪੱਕੀ।"

"ਚਲ ਤੂੰ ਇੱਟਾਂ ਦਾ ਹੀ ਅੱਧ ਦੇ ਦੇਹ, ਮਜੂਰੀ ਨਾ ਸਹੀ।" ਉਹਨੇ ਹੋਰ ਕਾਂਪ ਖਾਧੀ। ਪਰ ਦਰਬਾਰਾ ਤਾਂ ਇੱਕੋ ਆਟੇ ਦਾ ਸ਼ੀਂਹ ਸੀ, ਹੋਰ ਵਿਗੜ ਕੇ ਬੋਲਿਆ, "ਜਦ ਮੈਂ ਕੇਰਾਂ ਕਹਿ ਦਿੱਤਾ, ਮੈਨੂੰ ਨ੍ਹੀਂ ਲੋੜ ਮੈਂ ਨ੍ਹੀਂ ਕਰਨੀ, ਮੈਨੂੰ ਨਾ ਕਹੀਂ!"

ਜੇ ਕੰਧ ਕਪੂਰ ਸਿੰਘ ਵੀ ਕਰੇ, ਤਾਂ ਵੀ, ਢਾਹੁਣ ਵੇਲੇ ਤਾਂ ਆਧੀ ਦਾ ਕੋਲ ਹੋਣਾ ਜ਼ਰੂਰੀ ਸੀ। ਆਪਣੇ ਘਰ ਨੂੰ ਸਾਂਭਣਾ, ਸ਼ਤੀਰਾਂ ਹੇਠ ਥੰਮ੍ਹੀਆਂ ਦੇਣੀਆਂ...। ਉਹਨੇ ਫੇਰ ਵੀ ਠਰ੍ਹੰਮੇ ਨਾਲ ਦਰਬਾਰੇ ਨੂੰ ਆਖਿਆ, "ਪਰ ਤੇਰੀ ਰਜ਼ਾਮੰਦੀ ਬਿਨਾਂ ਮੈਂ ਕੰਧ ਨੂੰ ਛੇੜਾਂ ਵੀ ਕਿਵੇਂ? ਤੂੰ ਕੋਲ ਤਾਂ ਖੜ੍ਹ ਕੰਧ ਬਣੂੰਗੀ ਤਾਂ ਢਹਿ ਕੇ ਹੀ।"

"ਮੈਂ ਤਾਂ ਸਰਦਾਰ ਜੀ ਅੱਗ ਨ੍ਹੀਂ ਲਾਉਣ ਜਾਂਦਾ ਕੰਧ ਨੂੰ। ਤੂੰ ਕਹਿਨੈ ਕੋਲ ਖੜ੍ਹ। ਮੈਨੂੰ ਚੱਟੀ ਪਈ ਐ?"

" ਨਾ ਬਈ ..... !" ਵਿੱਚੋਂ ਹੀ ਕਿਸੇ ਨੇ ਦਰਬਾਰੇ ਦੀ ਗੱਲ ਤੋਂ ਆਖਿਆ, " ਆਹ ਤਾਂ ਬੇ ਜੈ ਐ !"

ਹੁਣ ਤਾਂ ਕਪੂਰ ਸਿੰਘ ਨੂੰ ਵੀ ਅੱਗ ਲੱਗ ਗਈ। ਇਹਨੂੰ ਕਹਿੰਦੇ ਨੇ ਸ਼ਰੀਕ ਉਹਨੇ ਦਿਲ ਵਿੱਚ ਆਖਿਆ। ਬੰਦਾ ਕਿੱਥੋ ਕੁ ਤਕ ਸਬਰ ਕਰਦਾ ਰਹੇ? ਤਾਂ ਵੀ ਉਹ ਤੱਤ ਨੂੰ ਮਾਰ ਕੇ, ਪਰ ਥੋੜਾ ਤੇਜ਼ ਹੋ ਕੇ ਬੋਲਿਆ, "ਜੇ ਮੈਂ ਬਣਾ ਲਾਂ, ਤਾਂ ਤੂੰ ਸ਼ਤੀਰ ਤਾਂ ਨ੍ਹੀਂ ਧਰੇਂਗਾ ਮੇਰੀ ਕੰਧ ਉੱਤੇ?"

"ਸ਼ਤੀਰ ਧਰਨੋਂ ਮੈਨੂੰ ਕਿਹੜਾ ਹਟਾ ਸਕਦੈ? ਮੈਂ ਮਾਲਕ ਆਂ ਕੰਧ ਦਾ!" ਦਰਬਾਰੇ ਨੇ ਹਿੱਕ ਥਾਪੜੀ।

"ਤੇਰੀ ਕੱਲੇ ਦੀ ਐ ਕੰਧ? ਮੇਰੀ ਨ੍ਹੀਂ? ਤੂੰ ਬਹੁਤਾ ਮਾਲਕ ਐਂ?" ਜੇ ਭਖੇ ਨਾ ਕਪੂਰ ਸਿੰਘ ਤਾਂ

ਕੀ ਕਰੇ ?

ਦਰਬਾਰੇ ਨੇ ਹੋਰ ਉਲਟੀ ਤੜ੍ਹੀ ਮਾਰੀ, "ਮੈਂ ਤਾਂ ਸਰਦਾਰ ਜੀ ਤੇਰੇ ਉੱਤੇ ਅਰਜ਼ੀ ਦੇਣੀ ਐਂ, ਤੂੰ ਭਾਲਦੈਂ ਅੱਧ, ਤੇਰਾ ਕੋਠਾ ਢਹਿਣ ਨਾਲ ਕੰਧ ਹੋਗੀ ਨੰਗੀ, ਜੇ ਮੀਂਹਾਂ ਵਿੱਚ, ਨੰਗੀ ਕੰਧ ਮੇਰਾ ਕੋਠਾ ਲੈਕੇ ਬਹਿ ਗਈ ਤਾਂ ਕੌਣ ਹੋਇਆ ਜ਼ਿੰਮੇਵਾਰ ?"

ਹੁਣ ਤਾਂ ਕਪੂਰ ਸਿੰਘ ਹੋਰ ਵੀ ਭੜਕ ਪਿਆ, "ਤੂੰ ਲਾ ਲਈ ਜਿਹੜਾ ਜ਼ੋਰ ਲਾਉਣੈ, ਮੈਂ ਜਾਣਦਾ ਜਿਹੜਾ ਵਕੀਲ ਤੇਰੇ ਅੰਦਰ ਬੋਲਦੈ, ਅਰਜ਼ੀ ਦਊ ਇਹ ਨਗੌਰਾ ਮੇਰੇ ਉੱਤੇ, ਹੁਣ ਗਿਣ ਕੇ ਲਈ ਤੂੰ

ਹਰਜਾਨਾ ਮੇਰੇ ਕੋਲੋਂ ਹਵੇਲੀ ਦਾ, ਚੱਲ ਮੈਂ ਢਾਹੁਣਾ ਕੰਧ, ਆ ਹਟਾ ਤੂੰ ਮੈਨੂੰ.....!"

ਦਰਬਾਰਾ ਭਾਵੇਂ ਕਪੂਰ ਸਿੰਘ ਤੋਂ ਕੁਝ ਛੋਟਾ ਸੀ, ਤੇ ਸਰੀਰ ਦਾ ਵੀ ਲਿੱਸਾ, ਤੇ ਅੱਗੇ ਕਦੇ ਉਹਦੇ ਸਾਹਮਣੇ ਇਉਂ ਬੋਲਿਆ ਵੀ ਨਹੀਂ ਸੀ, ਪਰ ਚੁੱਕ ਬੁਰੀ ਹੁੰਦੀ ਹੈ। ਦਰਬਾਰਾ ਉੱਠ ਕੇ ਖੜਾ ਹੋ ਗਿਆ ਤੇ ਬਾਹਵਾਂ ਚਾੜ੍ਹਦਾ ਗੜ੍ਹਕੇ ਨਾਲ ਬੋਲਿਆ," ਤੂੰ ਹੱਥ ਤਾਂ ਲਾ ਜਾ ਕੇ ਕੰਧ ਨੂੰ!"

ਦੋਵੇਂ ਉਲਝ ਪੈਂਦੇ ਕਿ ਟੁੰਡੇ ਲੰਬੜਦਾਰ ਨੇ ਝਟ ਉੱਠ ਕੇ ਦਰਬਾਰੇ ਨੂੰ ਡੱਕ ਦਿੱਤਾ ਤੇ ਕਪੂਰ ਸਿੰਘ ਨੂੰ ਚਲੇ ਜਾਣ ਦੀ ਸੈਨਤ ਕੀਤੀ।

ਕਪੂਰ ਸਿੰਘ ਉੱਥੋਂ ਤੁਰ ਪਿਆ, "ਮਖਾਂ ਚੱਲ ਤਾਂ ਸਹੀ, ਮੈਂ ਢਾਹੁਨਾ, ਤੂੰ ਹਟਾਈਂ, ਦੇਖੀਂ ਨਾਲੇ ਹੁਣ ਕੰਧ ਬਣਦੀ ਕਿਵੇਂ ਐ, ਨਾਲੇ ਨਾ ਦਈ ਖਾਂ ਭਲਾ ਤੂੰ ਅੱਧ.....!" ਪਟਵਾਰ ਖ਼ਾਨੇ ਦਾ ਬੂਹਾ ਲੰਘਦਿਆਂ ਉਹ ਕਹਿ ਰਿਹਾ ਸੀ।

ਸਾਰਾ ਪਿੰਡ ਦਰਬਾਰੇ ਨੂੰ ਕੋਸਣ ਲਗਾ, " ਬਹੁਤ ਮਾੜੀ ਗੱਲ ਐ ਦਰਬਾਰੇ ਖ਼ਾਤਰ। ਕਿਸੇ ਲੋਟ ਤਾਂ ਬੰਦੇ ਨੂੰ ਮੰਨਣਾ ਚਾਹੀਦੈ।"

ਕਪੂਰ ਸਿੰਘ ਦੁਚਿੱਤੀ ਵਿੱਚ ਪੈ ਗਿਆ: ਘਰ ਬਣਾਵੇ ਜਾਂ ਨਾ ਬਣਾਵੇ। ਏਦੋਂ ਚੰਗਾ ਤਾਂ ਪਿੰਡੋਂ ਬਾਹਰ ਜਾ ਵਸਣਾ ਸੀ। ਕੰਧ ਬਣਦੀ ਦਿਸਦੀ ਨਹੀਂ। ਅੱਧੀ ਵੱਢ ਕੇ ਬਣਾਉਣ ਜਾਂ ਠੋਹਕਰਾਂ ਕਰਨ ਵਿੱਚ ਗੱਲ ਨਹੀਂ। ਚਾਰ ਚੁਫੇਰਿਓਂ ਪੱਕਾ, ਸੁਹਣਾ, ਟੱਲੀ ਵਰਗਾ ਚਕੋਰ ਘਰ ਬਣ ਜਾਂਦਾ.....। ਅਖ਼ੀਰ ਉਹਨੇ ਫੈਸਲਾਂ ਕੀਤਾ, ਉਹ ਕੰਮ ਸ਼ੁਰੂ ਕਰੇ, ਜਦ ਕੰਧ ਉੱਤੇ ਕੰਮ ਗਿਆ ਤਾਂ ਆਪੇ ਕੋਈ ਨਾ ਕੋਈ ਰਾਹ ਨਿਕਲ ਆਵੇਗਾ। ਅੜਿਆ ਤਾਂ ਕਿਸੇ ਦਾ ਕੁਝ ਰਹਿੰਦਾ ਹੀ ਨਹੀਂ। ਪੱਕੀ ਬਣ ਗਈ ਤਾਂ ਚੰਗਾ।, ਨਹੀਂ ਠੋਹਕਰਾਂ ਕਰ ਕੇ ਉੱਤੇ ਪਾਸਵਲੀਆਂ ਪਾ ਦਿਆਂਗੇ। ਇੱਕ ਪਾਸਾ ਜਾਣੋ ਕੱਚਾ ਰਹਿ ਗਿਆ। ਹੋਰ ਹੁਣ ਕੀਤਾ ਵੀ ਕੀ ਜਾਵੇ। ਲੋਕ ਤਾਂ ਕਹਿੰਦੇ ਸਨ, ਜਾ ਕੇ ਡਿਪਟੀ ਦੇ ਅਰਜ਼ੀ ਮਾਰੇ, ਪਰ ਮਾਮਲਾ ਹੋਰ ਚੱਕਰ ਵਿੱਚ ਪੈ ਜਾਣਾ ਸੀ। ਜੇਠ-ਹਾੜ੍ਹ ਦੇ ਖੁੱਲ੍ਹੇ ਦਿਨ ਲੰਘਦੇ ਜਾਂਦੇ ਸਨ। ਜੇ ਇਸੇ ਤਰ੍ਹਾਂ ਕਰਦਿਆਂ ਸਿਆਲ ਆ ਗਿਆ ਤਾਂ ਕੰਮ-ਕਾਜ ਤੇ ਉਂਜ ਨਹੀਂ ਮੁੱਕਿਆ ਕਰਨਾ। ਤੇ ਨਾਲੇ ਹੁਣ ਦਾ ਖੁੰਝਿਆਂ ਖ਼ਬਰੇ ਕਦ ਉੱਤੇ ਜਾ ਪਵੇ....।

ਕੰਮ ਸ਼ੁਰੂ ਹੋ ਗਿਆ। ਚਾਚੀ ਰਾਮ ਕੌਰ ਵਾਲੀ ਕੰਧ ਢਾਹ ਕੇ ਮਜ਼ੂਰ ਨੀਹਾਂ ਕੱਢਣ ਲੱਗੇ। ਤਿੰਨਾਂ ਦਿਨਾਂ ਵਿੱਚ ਕੰਧ ਸਿਰੇ ਜਾ ਲੱਗੀ। ਦਲਾਨ, ਵਰਾਂਡਾ, ਰਸੋਈ ਤੇ ਹੋਰ ਸਾਰੀਆਂ ਨੀਹਾਂ ਭਰੀਆਂ ਗਈਆਂ। ਬੈਠਕ ਦੀਆਂ ਕੰਧਾਂ ਉਠਣ ਲੱਗੀਆਂ। ਬੂਹਿਆਂ ਤੇ ਬਾਰੀਆਂ ਦੀਆਂ ਚੁਗਾਠਾਂ ਖੜੀਆਂ ਹੋ ਗਈਆਂ। ਦਸਾਂ ਦਿਨਾਂ ਵਿੱਚ ਥਾਂਉ ਦਾ ਹੁਲੀਆ ਬਦਲ ਗਿਆ ਤੇ ਮੁਕਾਬਲੇ ਦੀ ਚਾਚੀ ਰਾਮ ਕੌਰ ਵਾਲੀ ਪੱਕੀ ਕੰਧ ਸਾਹਮਣੇ ਦਰਬਾਰੇ ਦੀ ਕੱਚੀ ਹੁਣ ਹੋਰ ਬੁਰੀ ਦਿਸਣ ਲੱਗੀ। ਆਉਂਦਾ ਜਾਂਦਾ ਹਰ ਕੋਈ ਆਖੇ, "ਹੁਣ ਇਹ

ਵੀ ਦਲਿੱਦਰ ਕੱਢ ਕੇ ਛੱਡਿਓ!"

ਪਰ, ਦਰਬਾਰੇ ਨੇ ਅਜੇ ਵੀ ਇੱਕੋ ਨੰਨਾ ਫੜਿਆ ਹੋਇਆ ਸੀ।

ਬੈਠਕ ਦੀਆਂ ਬਾਰੀਆਂ ਤੇ ਬੂਹਿਆਂ ਉੱਤੇ ਲਿੰਟਲ ਲੱਗ ਗਏ। ਡਿਓਢੀ ਦੀ ਚੁਗਾਠ ਵੀ ਧਰੀ ਗਈ। ਬੈਠਕ ਚਾਚੀ ਰਾਮ ਕੌਰ ਦੀ ਕੰਧ ਨਾਲ ਸੀ, ਤੇ ਲੰਘਣ ਲਈ ਡਿਓਢੀ ਦਰਬਾਰੇ ਵੱਲ। ਡਿਓਢੀ ਦੀ ਛੱਤ ਨੀਵੀਂ ਰੱਖ ਕੇ ਅੱਠ ਫੁੱਟ ਉੱਤੇ ਲਿੰਟਲ ਪਾਉਣਾ ਸੀ, ਕਿਉਂਕਿ ਉੱਤੇ ਮਿਆਨੀ ਰੱਖਣੀ ਸੀ। ਡਿਓਢੀ ਦਾ ਲਿੰਟਲ ਲਾਉਣ ਲਈ ਹੁਣ ਦਰਬਾਰੇ ਵਾਲੀ ਕੰਧ ਦਾ ਫ਼ੈਸਲਾ ਹੋਣਾ ਜ਼ਰੂਰੀ ਸੀ । ਇੱਕ ਦਿਨ ਵੀ ਹੋਰ ਕਿਸੇ ਪਾਸੇ ਹੱਥ ਨਹੀਂ ਸੀ ਚਲ ਸਕਦਾ।

ਜਦ ਕੋਈ ਵਾਹ ਨਾ ਚੱਲੀ ਤਾਂ ਕਪੂਰ ਸਿੰਘ ਨੇ ਦਰਵਾਜ਼ੇ ਇਕੱਠ ਕੀਤਾ । ਸਾਰਾ ਪਿੰਡ ਚੌਂਤਰੇ ਉੱਤੇ ਜੁੜ ਗਿਆ। ਪੰਚਾਇਤ ਨੇ ਦਰਬਾਰੇ ਨੂੰ ਸੱਥ ਵਿੱਚ ਬੁਲਾਇਆ ਤੇ ਕੰਧ ਕਰਨ ਲਈ ਆਖਿਆ। ਪਹਿਲਾਂ ਤਾਂ ਉਹਨੇ ਬੜੇ ਪੈਰ ਅੜਾਏ: "ਮੈਂ ਕੁੜੀ ਦਾ ਵਿਆਹ ਕਰਨੈਂ-ਮੈਨੂੰ ਲੋੜ ਨਹੀਂ-ਮੇਰੀ ਪੁੱਜਤ ਨਹੀਂ.....।" ਅਖ਼ੀਰ ਪੰਚਾਇਤ ਨੇ ਸਮਝਾ ਧਮਕਾ ਕੇ ਮਨਾ ਹੀ ਲਿਆ। ਪਿੰਡ ਦੀ ਸਾਂਝੀ ਰਾਏ ਸਾਮਣੇ ਉਹਨੂੰ ਝੁਕਣਾ ਪੈ ਗਿਆ ਸੀ।

ਮਜ਼ੂਰੀ ਉਹਨੂੰ ਛੱਡੀ ਗਈ। ਇੱਟਾਂ ਤੇ ਹੋਰ ਸਾਮਾਨ ਦਾ ਅੱਧ ਦੇਣਾ ਕੀਤਾ। ਉਹਨੂੰ, ਕਿਉਂਕਿ, ਕੰਧ ਦੀ ਹਾਲੇ ਏਨੀ ਲੋੜ ਨਹੀਂ ਸੀ, ਇਸ ਲਈ ਰਿਆਇਤ ਵਜੋਂ ਰਕਮ ਦੋ ਲੰਮੀਆਂ ਕਿਸ਼ਤਾਂ ਵਿੱਚ ਵੰਡ ਦਿੱਤੀ। ਆਉਂਦੀ ਲੋਹੜੀ ਛੱਡ ਕੇ ਪਹਿਲੀ ਕਿਸ਼ਤ ਨਮਾਣੀ ਨੂੰ ਤੇ ਦੂਜੀ ਅਗਲੀ ਲੋਹੜੀ ਨੂੰ। ਕਾਗ਼ਜ਼ ਬਣ ਗਿਆ।

ਭਾਵੇਂ ਮਜ਼ੂਰੀ ਸਾਰੀ ਕਪੂਰ ਸਿੰਘ ਦੇ ਹੀ ਸਿਰ ਪੈ ਗਈ ਸੀ, ਜੋ ਅੱਸੀ ਬਿਆਸੀ ਤਕ ਬਣਦੀ ਸੀ, ਤਾਂ ਵੀ ਉਹ ਖ਼ੁਸ਼ ਸੀ। ਕੰਮ ਤੁਰਦਾ ਹੋ ਗਿਆ। ਉਹਦੇ ਸਿਰ ਚਾਲੀ ਕੁ ਹੀ ਵੱਧ ਪਏ ? ਕੋਈ ਗੱਲ ਨਹੀਂ । ਏਨਾ ਕੁਝ ਤਾਂ ਉਹ ਆਪ ਵੀ ਜਾ ਕੇ ਦਰਬਾਰੇ ਨੂੰ ਕਹਿੰਦਾ ਹੀ ਸੀ।

ਅਗਲੇ ਦਿਨ ਪੰਚਾਇਤ ਦੇ ਚਾਰ ਆਦਮੀ ਆਏ ਤੇ ਸਾਹਮਣੇ ਕੰਧ ਢੁਹਾ ਕੇ ਨੀਂਹ ਪੁਟਵਾਉਣ ਲੱਗੇ। ਇੱਟ ਧਰਨ ਵੇਲੇ ਕੰਧ ਉੱਤੇ ਮੇਲਾ ਲੱਗ ਗਿਆ।

ਦਰਬਾਰਾ ਖ਼ੁਸ਼ ਤਾਂ ਅੱਗੇ ਹੀ ਨਹੀਂ ਸੀ, ਪਰ ਜਦ ਹੁਣ ਕੰਧ ਬਣਨ ਹੀ ਲੱਗ ਗਈ ਤਾਂ ਅੜ ਛੁੱਟਣ ਦੀ ਨਮੋਸ਼ੀ ਵਿੱਚ ਉਹਦੀ ਹਿੱਕ ਉੱਤੇ ਸੱਪ ਲਿਟ ਰਿਹਾ ਸੀ।

ਇੱਕ ਪਾਸਿਓਂ ਧੰਮਾ ਸਿੰਘ ਸਰਪੰਚ ਨੇ ਰੱਸੀ ਫੜੀ, ਦੂਜੇ ਪਾਸਿਉਂ ਨਾਹਰ ਸਿੰਘ ਅਕਾਲੀ ਨੇ। ਜਦ ਰੱਸੀ ਨਾਹਰ ਸਿੰਘ ਨੇ ਨੀਂਹ ਦੇ ਸਿਰੇ ਉੱਤੇ ਛੋਹੀ ਤਾਂ ਝਟ ਬੁਖਲਾਈ ਆਵਾਜ਼ ਵਿੱਚ ਦਰਬਾਰਾ ਬੋਲਿਆ, "ਆਪਣੇ ਅਮਾਨ ਨੂੰ ਜਾਣ ਕੇ ਨਿਆਂ ਕਰੀਂ ਕਾਲੀਆ!"

"ਸਾਨੂੰ ਤਾਂ ਦੋਵੇਂ ਇਕਸਾਰ ਓਂ ਦਰਬਾਰਾ ਸਿਆਂਹ.....!" ਨਾਹਰ ਸਿੰਘ ਨੇ ਉੱਤਰ ਦਿੱਤਾ।

ਸਾਰੇ ਲੋਕ ਇਕ ਟੱਕ ਰੱਸੀ ਵੱਲ ਦੇਖਣ ਲੱਗੇ।

ਪਰਲੇ ਸਿਰੇ ਬੈਠੇ ਧੰਮਾ ਸਿੰਘ ਸਰਪੰਚ ਨੇ ਹੱਥ ਭਰ ਕਪੂਰ ਸਿੰਘ ਵਲ ਰੱਸੀ ਧਰ ਦਿੱਤੀ।

ਇਕ ਦਮ ਰੌਲਾ ਪੈ ਗਿਆ: "ਆਹ ਤਾਂ ਜਮਾਂ ਵਿੰਗੀ ਐ, ਐਥੇ ਕੰਧ ਜਾਂਦੀਓ ਨ੍ਹੀਂ....!"

ਕਿਸੇ ਉੱਚੀ ਬੋਲ ਕੇ ਧੰਮਾ ਸਿੰਘ ਨੂੰ ਆਖਿਆ ਕਿ ਰੱਸੀ ਇੱਕ ਹੱਥ ਦੂਜੇ ਪਾਸੇ ਨੂੰ ਧਰੇ। ਐਨਾ ਫ਼ਰਕ ਤਾਂ ਅੰਨ੍ਹਿਆਂ ਨੂੰ ਵੀ ਦਿਸਦਾ ਸੀ।

ਰੱਸੀ ਧੰਮਾ ਸਿੰਘ ਨੂੰ ਦੂਜੇ ਪਾਸੇ ਧਰਨੀ ਪਈ।

"ਹੁਣ ਠੀਕ ਐ।" ਸਾਰਿਆਂ ਨੇ ਤਸੱਲੀ ਦਾ ਸਾਹ ਲਿਆ।

ਸਾਹਲ ਸੁੱਟ ਕੇ ਮਿਸਤਰੀ ਨਿਸ਼ਾਨ ਲਾਉਣ ਲੱਗਾ ਕਿ ਦਰਬਾਰੇ ਨੇ ਝਟ ਰੌਲਾ ਪਾ ਦਿੱਤਾ, "ਮੈਨੂੰ ਨ੍ਹੀ ਮਨਜ਼ੂਰ, ਇਹ ਕੋਈ ਅਨਸਾਫ਼ ਐ, ਕੰਧ ਚਾਰ ਉਂਗਲ ਮੇਰੇ ਪਾਸੇ ਪਈ ਐ!"

"ਤੇਰੇ ਪਾਸੇ ਤਾਂ ਸਾਰੀਓ ਪਈ ਐ, ਜਦ ਚਾਰ ਆਦਮੀ ਖੜ੍ਹੈ ਨੇ ਕੋਲ.....!" ਕਪੂਰ ਸਿੰਘ ਬੋਲਿਆ।

ਦਰਬਾਰੇ ਝੱਟ ਗਾਲ੍ਹ ਕਢ ਕੇ ਆਖਿਆ, "ਜੰਮਿਆ ਕੌਣ ਐ ਓਏ ਮੇਰੇ ਪਾਸੇ ਕੰਧ ਕਰਨ ਆਲਾ.....!"

ਬੰਦਾ ਭਾਵੇਂ ਲੱਖ ਨਰਮ ਹੋਵੇ, ਗਾਲ੍ਹ ਪਰ ਕਿਸੇ ਤੋਂ ਕੋਈ ਕਿਉਂ ਖਾਵੇ? ਪੂਰੇ ਜੋਸ਼ ਨਾਲ ਕਪੂਰ ਸਿੰਘ ਨੇ ਮੁੱਕਾ ਵੱਟ ਕੇ ਵੰਗਾਰਿਆ, "ਨਿਊਂ 'ਚ ਗੱਡ ਦੂੰ ਨਿਊਂ 'ਚ..."ਤੇ ਏਨੇ ਵਿੱਚ ਘਰੋਂ ਉਹਦਾ ਛੋਟਾ ਭਰਾ ਗੰਧਾਲੀ ਚੁਕ ਲਿਆਇਆ।

ਦੋਵੇਂ ਪਾਸਿਓ ਗਾਹਲਾਂ ਦੀ ਵਾਛੜ ਹੋਣ ਲੱਗੀ। ਦੂਜੇ ਪਾਸੇ ਦਰਬਾਰੇ ਦਾ ਭਤੀਜਾ ਗੰਡਾਸੀ ਚਾੜ੍ਹ ਕੇ ਆ ਗਿਆ। ਦਰਬਾਰੇ ਨੇ ਲੈਂਦਿਆਂ ਹੀ ਦੁਹੱਥੜੀ ਜੋੜ ਕੇ ਲਾਠੀ ਕਪੂਰ ਸਿੰਘ ਦੇ ਮਾਰੀ, " ਆ ਤੈਨੂੰ ਦੇਖਾਂ ਨਿਊਂ 'ਚ ਗੱਡਦੇ ਨੂੰ" ਤੇ ਨਾਲ ਦੀ ਨਾਲ ਤਤ੍ਰੀਰੀ ਕਪੂਰ ਸਿੰਘ ਦੇ ਸਿਰ ਵਿੱਚੋਂ ਆਈ। "ਘੀਚਰਾ ਘੀਚਰਾ....!" ਝਟ ਗੰਧਾਲੀ ਦਰਬਾਰੇ ਦੇ ਮੌਰਾਂ ਉੱਤੇ ਪਈ, ਦੂਜੀ ਪੁੜਪੁੜੀ ਵਿੱਚ, ਲਹੂ ਦੀ ਟੀਕ ਚਲ ਪਈ ਤੇ ਉਹ ਉਲਟ ਕੇ ਨੀਂਹ ਵਿੱਚ ਜਾ ਡਿਗਿਆ। ਪੰਚ ਰੱਸੀ ਛੱਡ ਕੇ ਪਰ੍ਹਾਂ ਹੋ ਗਏ ਸਨ। ਆਖ਼ਰ ਕੁਝ ਲੋਕ ਹੌਸਲਾ ਕਰ ਕੇ ਛੁਡਾਉਣ ਲੱਗੇ। ਤੀਵੀਆਂ ਘਰਾਂ 'ਚੋ ਨਿਕਲ ਕੇ ਆਹਮੋ-ਸਾਹਮਣੇ ਬਾਹਾਂ ਉਲਾਰਦੀਆਂ ਮਿਹਣੋ-ਮਿਹਣੀ ਹੋਣ ਲੱਗੀਆਂ। ਚੀਕ-ਚਿਹਾੜਾ, ਗਾਲ੍ਹਾਂ-ਦੁੱਪੜਾਂ, ਕੰਨ ਪਈ ਵਾਜ ਨਾ ਸੁਣੇ। ਦੋ ਘੰਟੇ ਉਹ ਝੱਜੂ ਪਿਆ, ਉਹ ਰੂਦ ਛਣਿਆ ਕਿ ਲੋਕੀਂ ਕੰਨਾਂ ਉੱਤੇ ਹੱਥ ਧਰ ਗਏ।

ਇਸ ਤੋਂ ਮਗਰੋਂ, ਕੁਝ ਦਿਨ ਪਾ ਕੇ, ਕੰਧ ਤਾਂ ਬਣ ਗਈ. ਜਿਹੋ ਜਿਹੀ ਚਾਹੀਦੀ ਸੀ, ਉਹੋ ਜਿਹੀ ਬਣ ਗਈ, ਪਰ ਜੀਊਣ ਦਾ ਹੱਜ ਕੋਈ ਨਾ ਰਿਹਾ। ਜਿਹੜੀ ਗੱਲ ਦਾ ਡਰ ਸੀ ਉਹੀ ਹੋ ਕੇ ਹਟੀ। ਦੋਹਾਂ ਧਿਰਾਂ ਦੀਆਂ ਜ਼ਮਾਨਤਾਂ ਹੋ ਗਈਆਂ। ਦਿਲਾਂ ਵਿੱਚ ਪਾਟਕ ਪੈ ਗਏ। ਬੋਲ ਚਾਲ ਜਾਂਦੀ ਰਹੀ। ਪੁਸ਼ਤਾਂ ਲਈ ਵੈਰ ਖੜ੍ਹਾ ਹੋ ਗਿਆ।

ਦੋ, ਚਾਰ, ਛੇ ਮਹੀਨੇ, ਓੜਕ ਵਰ੍ਹਾ ਲੰਘ ਗਿਆ। ਨਮਾਣੀ ਦੇ ਮੌਕੇ ਵੀ ਕਪੂਰ ਸਿੰਘ ਨੇ ਆਪ ਜਾ ਕੇ ਦਰਬਾਰੇ ਤੋਂ ਪੈਸੇ ਮੰਗਣ ਦਾ ਛੇੜ ਨਾ ਛੇੜਨਾ ਚਾਹਿਆ। ਸਾਰੇ ਪਿੰਡ ਸਾਹਮਣੇ ਲਿਖਤ ਹੋਈ ਸੀ। ਮੁੱਕਰ ਤਾਂ ਉਹ ਸਕਦਾ ਨਹੀਂ।

ਛੇ ਮਹੀਨੇ ਹੋਰ ਲੰਘ ਗਏ। ਦੂਜੀ, ਲੋਹੜੀ ਦੀ ਕਿਸ਼ਤ ਵੀ ਲੰਘ ਗਈ। ਆਥਣ ਸਵੇਰ ਕਪੂਰ

ਸਿੰਘ ਪੰਚਾਇਤ ਨੂੰ ਕਹਿਣ ਵਾਲਾ ਹੀ ਸੀ ਕਿ ਇੱਕ ਸਵੇਰ ਕਾਲਜਾ ਫੜੀ ਚਾਚੀ ਰਾਮ ਕੌਰ ਆਈ, "ਤੈਂ ਕੁਸ਼ ਸੁਣਿਐ ਕਪੂਰ ਸਿਆਂਹ ?"

ਹੈਰਾਨ ਹੋ ਕੇ ਕਪੂਰ ਸਿੰਘ ਚੌਂਕਿਆ, "ਨਾ ਚਾਚੀ, ਕਿਉਂ ਕੀ ਗੱਲ ਐ ?"

"ਲੈ ਵੇ, ਤੈਨੂੰ ਖ਼ਬਰੇ ਨ੍ਹੀਂ, ਮੁੰਡਾ ਤਾਂ ਭੁੰਜੇ ਲਿਹਾ ਪਿਐ, ਦਰਬਾਰਾ!"

"ਦਰਬਾਰਾ....?"

"ਲੈ ਹੋਰ ਕੀ, ਉਹ ਤਾਂ ਨਮੂਨੀਏਂ ਨਾਲ ਜੁੜਿਆ ਪਿਐ, ਠੰਢ ਦੀ ਸੀੜ੍ਹ 'ਚ ਆ ਗਿਆ, ਪੰਦਰਾਂ ਦਿਨ ਹੋਗੇ, ਰਾਤ ਬਹੂ ਰੋਂਦੀ ਨ੍ਹੀ ਸੀ ਝੱਲੀ ਜਾਂਦੀ, ਇਕ ਤਾਂ ਲਾਜ ਕਰਾਉਣੇ ਕਿਹੜਾ ਸੌਖੇ ਨੇ ਚੰਦਰੇ, ਬਿਨਾਂ ਪੈਸੇ।"

"ਮੈਂਨੂੰ ਤਾਂ, ਚਾਚੀ ਹੁਣ ਤਿਤੋਂ ਪਤਾ ਲੱਗਿਐ.....!"

" ਲੈ ਆਹੋ ਡੱਡ, ਤੈਨੂੰ ਕਿਤੇ ਓਪਰੈ!"

"ਆਉਣ ਜਾਣ ਬਾਝੋਂ ਕੰਧ ਉਹਲੇ ਪਰਦੇਸ ਐ ਚਾਚੀ।"

" ਲੈ ਉਹ ਜਾਣੇ, ਨੌਹਾਂ ਨਾਲੋਂ ਮਾਸ ਨ੍ਹੀਂ ਟੁੱਟਦਾ ਕਦੇ ਸਾਊ....!" ਕਹਿੰਦਿਆਂ ਚਾਚੀ ਸੈਨਤ ਸੁੱਟ ਕੇ ਚਲੀ ਗਈ।

ਕਪੂਰ ਸਿੰਘ ਉੱਠਿਆ ਤੇ ਝਕਦਾ ਝਕਾਉਂਦਾ ਦਰਬਾਰੇ ਦੇ ਘਰ ਅੰਦਰ ਲੰਘ ਗਿਆ। ਵਿਹੜੇ ਵਿੱਚ, ਕੰਧ ਦੀ ਓਟ ਨਾਲ, ਧੁੱਪੇ, ਦਰਬਾਰੇ ਦਾ ਮੰਜਾ ਸੀ। ਕਪੂਰ ਸਿੰਘ ਨੇ ਜਦ ਦਰਬਾਰੇ ਵੱਲ ਦੇਖਿਆ ਤਾਂ ਉਹ ਖੜ੍ਹੇ ਦਾ ਖੜ੍ਹਾ ਰਹਿ ਗਿਆ। ਸੁੱਕ ਕੇ ਪਿੰਜਰ ਬਣਿਆ ਸਰੀਰ, ਕਾਲਾ ਧੂੰਏਂ ਵਰਗਾ ਰੰਗ, ਅੰਦਰ ਨੂੰ ਧਸੀਆਂ ਹੋਈਆਂ ਅੱਖਾਂ – ਤੇ ਦਰਬਾਰੇ ਦੀ ਨਿਆਣੀ ਟੱਬਰੀ.....!

ਅੰਦਰੋਂ, ਦਰਬਾਰੇ ਦੀ ਘਰਵਾਲੀ ਨੇ ਮੰਜੇ ਕੋਲ ਸਟੂਲ ਡਾਹ ਦਿੱਤਾ, ਪਰ ਕਪੂਰ ਸਿੰਘ, ਦਰਬਾਰੇ ਦੇ ਕੋਲ ਹੀ ਮੰਜੇ ਦੀ ਬਾਹੀ ਉੱਤੇ ਬਹਿ ਗਿਆ, " ਕੀ ਹਾਲ ਐ ਭਾਈ ਦਰਬਾਰਿਆ.....।"

ਰਜ਼ਾਈ ਦੇ ਆਸਰੇ ਦੀ ਢੋ ਲਾ ਕੇ ਦਰਬਾਰਾ ਕੁਝ ਬੈਠਦਾ ਹੋਇਆ ਬੋਲਿਆ, "ਹੁਣ ਤਾਂ ਚੰਗੈ

ਬਾਈ......." ਬੀਮਾਰੀ ਦਾ ਭੰਨਿਆ ਉਹਦਾ ਨਿਢਾਲ ਮਨ ਕੁਝ ਕਰਾਰ ਫੜ ਆਇਆ।

"ਕੋਈ ਨਾ, ਤੂੰ ਪਿਆ ਰਹੁ, ਉੱਠਣ ਦੀ ਖੇਚਲ ਨਾ ਕਰ।"

" ਕਮਜ਼ੋਰੀ .... ਜਾਦੇ...ਐ।" ਬੋਲਣ ਲੱਗਿਆਂ ਦਰਬਾਰੇ ਦਾ ਸਾਰਾ ਤਿਗ ਕੰਬਦਾ ਸੀ।

"ਸਭ ਦੂਰ ਹੋ ਜੂ; ਚੁਗਾਠ ਬਚ ਰਹੇ, ਬਾਣ ਬਥੇਰਾ!" ਕਪੂਰ ਸਿੰਘ ਨੇ ਹੌਸਲਾ ਦਿੱਤਾ।

ਲੋਗੜ ਗਰਮ ਕਰ ਕੇ ਉਹਦੀ ਕੁੜੀ,ਹਰਬੰਸੋ, ਉਹਦੀਆਂ ਵੱਖੀਆਂ ਉੱਤੇ ਸੇਕਣ ਲਈ ਲਿਆਈ।

" ਅਲਾਜ ਕੀਹਦੈ ?" ਕਪੂਰ ਸਿੰਘ ਨੇ ਪੁੱਛਿਆ।

"ਅਲਾਜ.....!" ਦਰਬਾਰਾ ਅੱਗੋਂ ਚੁੱਪ ਕਰ ਗਿਆ। ਇਲਾਜ ਕਿਸੇ ਦਾ ਵੀ ਨਹੀਂ ਸੀ। ਘਰਾਂ ਦੇ

ਇਲਾਜ ਕੋਈ ਇਲਾਜ ਹੁੰਦੇ ਹਨ ?

ਕਪੂਰ ਸਿੰਘ ਤੋਂ ਲੁਕਿਆ ਕੀ ਸੀ ? ਇੱਕ ਦੂਜੇ ਦੇ ਘਰ ਦੀ ਹਾਲਤ ਉਹ ਜਾਣਦੇ ਹੀ ਸਨ। ਕਪੂਰ ਸਿੰਘ ਨੇ ਦਸ ਰੁਪਏ ਦਾ ਨੋਟ ਕੱਢ ਕੇ ਦਰਬਾਰੇ ਦੀ ਜੇਬ ਵਿੱਚ ਪਾ ਦਿੱਤਾ," ਮੈਂ ਜਾ ਕੇ ਮੰਡੀਓਂ ਡਾਕਟਰ ਨੂੰ ਭੇਜਦਾਂ।"

ਦਰਬਾਰੇ ਦੇ ਮਨ ਵਿੱਚ ਹੂਕ ਉੱਠੀ," ਮੈਂ ਤਾਂ ਤੇਰੇ ਅੱਗੇ ਵੀ ਪੈਸੇ ਦੇਣੇ ਐਂ ਬਾਈ-ਕੰਧ ਆਲੇ.....!"

" ਤੂੰ ਹਾਲੇ ਤਕੜਾ ਹੋ, ਦਿੰਦਾ ਰਹੀ ਪੈਸੇ, ਪੈਸਿਆਂ ਸਾਲਿਆਂ ਨੇ ਨਾਲ ਜਾਣੈਂ ?"

ਦਰਬਾਰੇ ਦੀਆਂ ਅੱਖਾਂ ਸਿੰਮ ਆਈਆਂ। ਥੋੜ੍ਹੇ ਚਿਰ ਪਿੱਛੋਂ ਭਰੇ ਹੋਏ ਗੱਚ ਨਾਲ ਉਹ ਧੀਮਾ ਜਿਹਾ ਬੋਲਿਆ, " ਮਕਾਨ ਦਾ ਕੰਮ ਚੜ੍ਹ ਗਿਆ ਸਿਰੇ ?"

"ਥੋੜ੍ਹਾ ਜਿਹਾ ਟੀਪ-ਟੱਲਾ ਰਹਿੰਦੈ, ਸਮਿੰਟ ਥੁੜ ਗਿਆ।"

" ਮੈਨੂੰ ਤਾਂ ਸਹੁਰਾ ਸਰਪੰਚ ਭਖਾਉਂਦਾ ਰਿਹਾ, ਨਹੀਂ ਮੈ ਕਿਹੜਾ ਤੇਰਾ ਦੋਖੀ ਸੀ।"

" ਹੁਣ ਤੂੰ ਇਹਨਾਂ ਨੂੰ ਮਨ 'ਤੇ ਨਾ ਲਿਆ- ਜੇ ਚਾਰ ਭਾਂਡੇ ਹੋਣਗੇ ਤਾਂ ਖੜਕਣਗੇ!"

"ਹਾੜ੍ਹ ਦਾ ਬੰਸੋ ਦਾ ਵਿਆਹ ਦੇ ਦਈਏ ?" ਦਰਬਾਰੇ ਦੇ ਲੂੰ-ਲੂੰ 'ਚੋ ਅਪਣੱਤ ਜਾਗ ਰਹੀ ਸੀ।

" ਕੋਈ ਡਰ ਨ੍ਹੀਂ, ਜਿਹੜਾ ਭਾਰ ਸਿਰੋਂ ਲਹਿ ਜਾਵੇ, ਚੰਗਾ।"

"ਤੂੰ ਆਇੰਗਾ ?"

" ਜਿਕੱਣ ਤੂੰ ਕਹੇਂ।"

ਦਰਬਾਰੇ ਨੇ ਕੰਬਦੇ ਹੱਥਾਂ ਵਿੱਚ ਕਪੂਰ ਸਿੰਘ ਦਾ ਹੱਥ ਫੜ ਕੇ ਆਖਿਆ, "ਤੇਰੇ ਬਿਨਾਂ, ਬਾਈ, ਮੈ ਕਾਹਦੇ ਜੋਗਾਂ.......!" ਉਹਦੇ ਬੁਲ੍ਹ ਫਰ੍ਹਕਣ ਲੱਗੇ ਤੇ ਅੱਖਾਂ ਵਿੱਚੋ ਪਰਲ-ਪਰਲ ਹੰਝੂਆਂ ਦੀਆਂ ਧਾਰਾਂ ਫੁੱਟ ਪਈਆਂ।

" ਓ ਤੂੰ ਦਿਲ ਰੱਖ ਵੀਰ, ਮੈਂ ਤਿਤੋ ਨਾਬਰ ਤਾਂ ਨ੍ਹੀ......!" ਕਪੂਰ ਸਿੰਘ ਨੇ ਮਸੀਂ ਇਹ ਬੋਲ ਆਖੇ। ਹੰਝੂਆਂ ਦੀਆਂ ਦੋ ਧਾਰਾਂ ਉਹਦੇ ਚਿਹਰੇ ਉੱਤੇ ਵੀ ਵਗ ਪਈਆਂ ਸਨ।

# ਅਭਿਆਸ-ਪ੍ਰਸ਼ਨ

1. 'ਸਾਂਝੀ ਕੰਧ' ਬਣਾਉਣ ਦੀ ਲੋੜ ਕਿਉਂ ਪਈ ? ਤੇ ਕਿਸਨੂੰ ?

2. 'ਸਾਂਝੀ ਕੰਧ' ਦਾ ਝਗੜਾ ਕਿੰਨ੍ਹਾਂ ਵਿਚਕਾਰ ਸੀ ? ਤੇ ਕਿਉਂ ?

3.'ਸਾਂਝੀ ਕੰਧ' ਕਹਾਣੀ ਕਿਸ ਪੇਂਡੂ ਸਮੱਸਿਆ ਵੱਲ ਸੰਕੇਤ ਕਰਦੀ ਹੈ ?

4.'ਸਾਂਝੀ ਕੰਧ' ਬਣਾਉਣ ਸਮੇਂ ਪੰਚਾਇਤ ਨੇ ਕਿਵੇਂ ਝਗੜਾ ਮੁਕਾਇਆ ਸੀ ?

5. 'ਸਾਂਝੀ ਕੰਧ' ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ ?

6.'ਸਾਂਝੀ ਕੰਧ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਕੁਲਵੰਤ ਸਿੰਘ ਵਿਰਕ

ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਖੇਤਰ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀਂ। ਉਸ ਨੂੰ ਸਾਧਾਰਣ ਮਨੁੱਖ ਦੀ ਸਾਧਾਰਣਤਾ ਪੇਸ਼ ਕਰਨ ਵਾਲਾ ਕਹਾਣੀਕਾਰ ਵੀ ਕਿਹਾ ਜਾਂਦਾ ਹੈ। ਉਸ ਨੇ ਪੰਜਾਬੀ ਕਹਾਣੀ ਨੂੰ ਪਹਿਲੀ ਵਾਰ ਪੰਜਾਬੀਅਤ ਦੇ ਭਰਪੂਰ ਜਲੌਅ ਸਹਿਤ ਪੇਸ਼ ਕੀਤਾ। ਉਸ ਨੂੰ ਪੰਜਾਬੀ ਕਹਾਣੀ ਦਾ ਸ਼ਾਹਸਵਾਰ, ਬਾਦਸ਼ਾਹ ਆਦਿ ਤਖ਼ੱਲਸਾਂ ਰਾਹੀਂ ਜਾਣਿਆ ਜਾਂਦਾ ਹੈ।

ਕੁਲਵੰਤ ਸਿੰਘ ਵਿਰਕ ਦਾ ਜਨਮ 21 ਮਾਰਚ 1921 ਨੂੰ ਪਿੰਡ ਫੁਲੇਰਨ ਜ਼ਿਲ੍ਹਾ ਸ਼ੇਖੂਪੁਰਾ(ਪਾਕਿਸਤਾਨ) ਵਿਖੇ ਪਿਤਾ ਆਸਾ ਸਿੰਘ ਦੇ ਘਰ ਹੋਇਆ। ਉਸ ਨੇ ਪੰਜਵੀਂ ਦੀ ਪੜ੍ਹਾਈ ਨਨਕਾਣਾ ਸਾਹਿਬ ਤੋਂ ਪਾਸ ਕੀਤੀ। ਮੈਟ੍ਰਿਕ ਦੀ ਪੜ੍ਹਾਈ ਸ਼ੇਖੂਪੁਰਾ ਤੇ ਬੀ.ਏ., ਐੱਸ.ਡੀ. ਕਾਲਜ, ਲਾਹੌਰ ਤੋਂ ਪ੍ਰਾਪਤ ਕੀਤੀ। ਐਮ.ਏ. ਅੰਗਰੇਜ਼ੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। ਕਾਨੂੰਨ ਦੀ ਡਿਗਰੀ ਲੈਣ ਉਪਰੰਤ ਉਹ ਫ਼ੌਜ ਵਿੱਚ ਭਰਤੀ ਹੋ ਗਿਆ। ਦੇਸ਼ ਵੰਡ ਤੋਂ ਬਾਅਦ ਉਸ ਦੀ ਡਿਊਟੀ ਸਾਬਕਾ ਫੌਜੀ ਹੋਣ ਨਾਤੇ ਉਧਾਲੇ ਗਏ ਹਿੰਦੂ-ਸਿੱਖ ਪਰਿਵਾਰਾਂ ਦੀ ਸਾਂਭ-ਸੰਭਾਲ ਵਿੱਚ ਲੱਗੀ। ਉਸ ਨੇ ਭਾਰਤ ਸਰਕਾਰ ਦੇ ਸੂਚਨਾ ਮਹਿਕਮੇ ਵਿੱਚ ਇਨਫ਼ਰਮੇਸ਼ਨ ਅਫ਼ਸਰ ਵਜੋਂ ਵੀ ਭੂਮਿਕਾ ਨਿਭਾਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਵੀ ਜੁਆਇੰਟ ਡਾਇਰੈਕਟਰ ਵਜੋਂ ਸ਼ਾਨਦਾਰ ਭੂਮਿਕਾ ਨਿਭਾਈ। 24 ਦਸੰਬਰ 1987 ਨੂੰ ਬੀਮਾਰੀ ਨਾਲ ਉਹਨਾਂ ਦੀ ਮੌਤ ਹੋ ਗਈ।

‘ਛਾਹ ਵੇਲਾ’, ‘ਧਰਤੀ ਤੇ ਆਕਾਸ਼’, ‘ਤੂੜੀ ਦੀ ਪੰਡ’, ‘ਏਕਸ ਕੇ ਹਮ ਬਾਰਿਕ’, ‘ਦੁੱਧ ਦਾ ਛੱਪੜ’, ‘ਗੋਲ੍ਹਾਂ’, ‘ਨਵੇਂ ਲੋਕ’, ‘ਆਤਿਸ਼ਬਾਜ਼ੀ’ ਆਦਿ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਉਸ ਦੇ ਕਹਾਣੀ ਸੰਗ੍ਰਹਿ ‘ਨਵੇਂ ਲੋਕ’ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਹਾਸਿਲ ਹੋਣਾ, ਉਸ ਦੀ ਕਥਾ ਕਲਾ ਦਾ ਪ੍ਰਮਾਣ ਹੈ। ਉਸ ਨੇ ਪੰਜਾਬੀ ਜੀਵਨ ਬਾਰੇ ਡੂੰਘੀਆਂ, ਮਾਇਨੇਖ਼ੇਜ ਤੇ ਸਦੀਵੀਂ ਅਰਥਾਂ ਵਾਲੀਆਂ ਕਹਾਣੀਆਂ ਦੀ ਰਚਨਾ ਕਰਕੇ, ਕਹਾਣੀ ਪਿੜ ਵਿੱਚ ਨਵੀਂ ਲੀਹ ਤੋਰੀ। ਉਸ ਦੀਆਂ ਕਹਾਣੀਆਂ ਕਲਾਤਮਕ ਪੱਖੋਂ ਨਵੀਆਂ ਸਥਾਪਨਾਵਾਂ ਸਿਰਜਦੀਆਂ ਹਨ। ਸ਼ਾਇਦ ਇਹ ਹੀ ਕਾਰਣ ਹੈ ਕਿ ਉਹ ਨਿਰੰਤਰ ਵੱਡੇ ਪਾਠਕ ਸਮੂਹ ਦੁਆਰਾ ਹੁਣ ਤੱਕ ਪੜ੍ਹਿਆ ਜਾ ਰਿਹਾ ਹੈ।